https://doi.org/10.26069/greynet-2025-000.923-gn

# ਗ੍ਰੇ ਸਾਹਿਤ ਸਰੋਤਾਂ ਲਈ ਨੀਤੀ ਵਿਕਾਸ ਬਾਰੇ

# ਪੀਸਾ ਘੋਸ਼ਣਾ



May 16, 2014

## ਪ੍ਰਸਤਾਵਨਾ

ਗਿਆਨ ਅਤੇ ਜਾਣਕਾਰੀ ਦਾ ਭੰਡਾਰ ਸੰਗਠਨਾਂ, ਸਰਕਾਰਾਂ ਅਤੇ ਉਦਯੋਗ ਦੁਆਰਾ ਤਿਆਰ ਕੀਤਾ ਜਾਂਦਾ ਹੈ, ਜਿਸ ਵਿੱਚ ਵਿਸ਼ਿਆਂ ਅਤੇ ਪੇਸ਼ੇਵਰ ਖੇਤਰਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਸ਼ਾਮਲ ਹੁੰਦੀ ਹੈ, ਜੋ ਵਪਾਰਕ ਪ੍ਰਕਾਸ਼ਨ ਦੁਆਰਾ ਨਿਯੰਤਰਿਤ ਨਹੀਂ ਹੁੰਦੀ। ਇਹ ਪ੍ਰਕਾਸ਼ਨ, ਅੰਕੜੇ ਅਤੇ ਹੋਰ ਸਮੱਗਰੀਆਂ ਜੋ ਗ੍ਰੇ ਸਾਹਿਤ ਵਜੋਂ ਜਾਣੀਆਂ ਜਾਂਦੀਆਂ ਹਨ, ਕਾਰੋਬਾਰ, ਉਦਯੋਗ, ਪੇਸ਼ੇਵਰ ਅਭਿਆਸ ਅਤੇ ਸਭਿਅ ਸਮਾਜ ਲਈ ਵਿਦਵਤਾਪੂਰਨ ਸੰਚਾਰ, ਖੋਜ ਅਤੇ ਨੀਤੀ ਨਿਰਮਾਣ ਵਿੱਚ ਇੱਕ ਜ਼ਰੂਰੀ ਸਰੋਤ ਹਨ। ਗ੍ਰੇ ਸਾਹਿਤ ਨੂੰ ਵਿਗਿਆਨ, ਇੰਜੀਨੀਅਰਿੰਗ, ਸਿਹਤ, ਸਮਾਜਿਕ ਵਿਗਿਆਨ, ਸਿੱਖਿਆ, ਕਲਾ ਅਤੇ ਮਨੁੱਖਤਾ ਸਮੇਤ ਕਈ ਵਿਸ਼ਿਆਂ ਵਿੱਚ ਸਬੂਤ, ਦਲੀਲ, ਨਵੀਨਤਾ ਅਤੇ ਸਮਝ ਦੇ ਇੱਕ ਮੁੱਖ ਸਰੋਤ ਵਜੋਂ ਮਾਨਤਾ ਪ੍ਰਾਪਤ ਹੈ।

ਪ੍ਰਿੰਟ ਜਾਂ ਇਲੈਕਟ੍ਰਾਨਿਕ ਫਾਰਮੈਟਾਂ ਵਿੱਚ ਗ੍ਰੇ ਸਾਹਿਤ ਦਸਤਾਵੇਜ਼ ਦੀਆਂ ਕਿਸਮਾਂ ਵਿੱਚ ਸ਼ਾਮਲ ਹਨ: ਖੋਜ ਅਤੇ ਤਕਨੀਕੀ ਰਿਪੋਰਟਾਂ, ਸੰਖੇਪ ਜਾਣਕਾਰੀ ਅਤੇ ਸਮੀਖਿਆਵਾਂ, ਮੁਲਾਂਕਣ, ਕਾਰਜਕਾਰੀ ਪੇਪਰ, ਕਾਨਫਰੰਸ ਪੇਪਰ, ਥੀਸਿਸ ਅਤੇ ਮਲਟੀਮੀਡੀਆ ਸਮੱਗਰੀ , ਜੋ ਖੋਜ ਅਤੇ ਜਾਣਕਾਰੀ ਦੇ ਇੱਕ ਮਹੱਤਵਪੂਰਨ ਅਤੇ ਕੀਮਤੀ ਹਿੱਸੇ ਦੀ ਨੁਮਾਇੰਦਗੀ ਕਰਦੇ ਹਨ।

ਸਕਾਲਰਸ਼ਿਪ, ਸਰਕਾਰ, ਸਭਿਅ ਸਮਾਜ, ਸਿੱਖਿਆ ਅਤੇ ਅਰਥਵਿਵਸਥਾ ਲਈ ਖੋਜ ਅਤੇ ਜਾਣਕਾਰੀ ਦੇ ਲਾਭਾਂ ਨੂੰ ਪ੍ਰਾਪਤ ਕਰਨ ਲਈ, ਅਸੀਂ, ਇਸ ਘੋਸ਼ਣਾ ਪੱਤਰ ਤੇ ਹਸਤਾਖਰ ਕਰਨ ਵਾਲੇ, ਸਰਕਾਰਾਂ, ਅਕਾਦਮਿਕ ਅਤੇ ਸਾਰੇ ਹਿੱਸੇਦਾਰਾਂ ਦੁਆਰਾ ਗ੍ਰੇ ਸਾਹਿਤ ਦੀ ਭੂਮਿਕਾ ਅਤੇ ਮੁੱਲ ਨੂੰ ਵਧੇਰੇ ਮਾਨਤਾ ਦੇਣ ਦੀ ਮੰਗ ਕਰਦੇ ਹਾਂ, ਖਾਸ ਕਰਕੇ ਖੋਜ, ਖੁੱਲ੍ਹੇ ਵਿਗਿਆਨ, ਨਵੀਨਤਾ, ਸਬੂਤ-ਅਧਾਰਤ ਨੀਤੀ ਅਤੇ ਗਿਆਨ ਹਸਤਾਂਤਰਣ ਲਈ ਖੁੱਲ੍ਹੀ ਪਹੁੰਚ ਲਈ ਇਸ ਦੀ ਮਹੱਤਤਾ।

*ਸਥਾਨਕ, ਰਾਸ਼ਟਰੀ ਅਤੇ ਵਿਸ਼ਵਵਿਆਪੀ ਭਾਈਚਾਰਿਆਂ ਨੂੰ ਗ੍ਰੇ ਸਾਹਿਤ ਦੇ ਪੂਰੇ ਲਾਭ ਪ੍ਰਾਪਤ ਕਰਨ ਲਈ ਅਸੀਂ ਨਿਮਨਲਿਖਤ ਦੀ ਮੰਗ ਕਰਦੇ ਹਾਂ ਅਤੇ ਹਮਾਇਤ ਕਰਦੇ ਹਾਂ:*

### ਸੰਗਠਨਾਤਮਕ

1. ਸਰਕਾਰਾਂ ਅਤੇ ਸੰਗਠਨਾਂ ਦੁਆਰਾ ਖੁੱਲ੍ਹੀ ਪਹੁੰਚ ਲਈ ਵਧੇਰੇ ਵਚਨਬੱਧਤਾ।
2. ਗ੍ਰੇ ਸਾਹਿਤ ਦੇ ਉਤਪਾਦਨ, ਵਰਤੋਂ, ਸੰਗ੍ਰਹਿ ਅਤੇ ਪ੍ਰਬੰਧਨ ਵਿੱਚ ਲੱਗੇ ਸੰਗਠਨਾਂ ਦਰਮਿਆਨ ਵਧੇਰੇ ਸਹਿਯੋਗ ਅਤੇ ਤਾਲਮੇਲ।
3. ਗ੍ਰੇ ਸਾਹਿਤ ਲਈ ਨਿਰੰਤਰ ਪਛਾਣਕਰਤਾਵਾਂ ਅਤੇ ਖੁੱਲ੍ਹੇ ਮੈਟਾਡੇਟਾ ਮਿਆਰਾਂ ਦੀ ਵਰਤੋਂ।

### ਖੋਜ / ਵਿਦਿਅਕ

4. ਸਰਕਾਰਾਂ, ਯੂਨੀਵਰਸਿਟੀਆਂ ਅਤੇ ਹੋਰ ਸੰਸਥਾਵਾਂ ਦੁਆਰਾ ਗੁਣਵੱਤਾ ਭਰਪੂਰ ਗ੍ਰੇ ਸਾਹਿਤ ਸਮੱਗਰੀ ਲਈ ਮਾਨਤਾ ਅਤੇ ਇਨਾਮ ਦੇ ਨਵੇਂ ਰੂਪ।
5. ਗ੍ਰੇ ਸਾਹਿਤ ਦੇ ਉਤਪਾਦਨ ਅਤੇ ਪੁਸਤਕ ਸੂਚੀ ਨਿਯੰਤਰਣ ਵਿੱਚ ਸੁਧਾਰੇ ਗਏ ਮਿਆਰ।

https://doi.org/10.26069/greynet-2025-000.923-gn

# ਗ੍ਰੇ ਸਾਹਿਤ ਸਰੋਤਾਂ ਲਈ ਨੀਤੀ ਵਿਕਾਸ ਬਾਰੇ

# ਪੀਸਾ ਘੋਸ਼ਣਾ



May 16, 2014

6. ਗ੍ਰੇ ਸਾਹਿਤ ਦੇ ਪ੍ਰਬੰਧਨ ਵਿੱਚ ਅੰਤਰ-ਕਾਰਜਸ਼ੀਲ ਮਿਆਰਾਂ ਦਾ ਵਿਕਾਸ ਅਤੇ ਲਾਗੂਕਰਨ।

7. ਗ੍ਰੇ ਸਾਹਿਤ ਦੇ ਉਤਪਾਦਨ, ਪ੍ਰਸਾਰ ਅਤੇ ਮੁਲਾਂਕਣ ਲਈ ਚੰਗੀ ਅਭਿਆਸ ਗਾਈਡਾਂ ਦਾ ਵਿਕਾਸ।

**ਕਾਨੂੰਨੀ**

8. ਕਾਨੂੰਨੀ ਧਰੋਹਰ ਅਤੇ ਕਾਪੀਰਾਈਟ ਕਾਨੂੰਨ ਵਿੱਚ ਤਬਦੀਲੀਆਂ ਜੋ ਲਾਇਬ੍ਰੇਰੀਆਂ, ਇਕੱਤਰ ਕਰਨ ਵਾਲੀਆਂ ਸੇਵਾਵਾਂ ਅਤੇ ਵਿਦਿਅਕ ਸੰਸਥਾਵਾਂ ਅਤੇ ਪ੍ਰੋਗਰਾਮਾਂ ਦੀ ਇਕੱਠਾ ਕਰਨ ਅਤੇ ਗ੍ਰੇ ਸਾਹਿਤ, ਖਾਸ ਕਰਕੇ ਗੈਰ-ਵਪਾਰਕ ਜਨਤਕ ਹਿੱਤ ਸਮੱਗਰੀ ਤੱਕ ਪਹੁੰਚ ਪ੍ਰਦਾਨ ਕਰਨ ਦੀ ਸਮਰੱਥਾ ਨੂੰ ਵਧਾਉਂਦੀਆਂ ਹਨ।

9. ਗ੍ਰੇ ਸਾਹਿਤ ਦੇ ਪ੍ਰਸਾਰ ਵਿੱਚ ਆਉਣ ਵਾਲੀਆਂ ਕਾਨੂੰਨੀ ਰੁਕਾਵਟਾਂ ਨੂੰ ਸੰਬੋਧਿਤ ਕਰਨਾ।

10. ਵਪਾਰਕ ਅਤੇ ਗੈਰ-ਵਪਾਰਕ ਉਦੇਸ਼ਾਂ ਲਈ ਗ੍ਰੇ ਸਮੱਗਰੀ ਨੂੰ ਲਾਇਸੈਂਸ ਦੇਣ ਵਿੱਚ ਹੋਰ ਤਰੱਕੀ।

**ਵਿੱਤੀ / ਟਿਕਾਊ**

11. ਗ੍ਰੇ ਸਾਹਿਤ ਨਾਲ ਸਬੰਧਤ ਖੋਜ ਲਈ ਉਪਲਬਧ ਫੰਡਿੰਗ ਦੀ ਪਛਾਣ ਕਰਨਾ।

12. ਗ੍ਰੇ ਸਾਹਿਤ ਦੇ ਸੰਗ੍ਰਹਿ ਵਿਕਾਸ ਅਤੇ ਲੰਬੇ ਸਮੇਂ ਦੀ ਸੰਭਾਲ ਲਈ ਸਹਾਇਤਾ ਵਿੱਚ ਵਧਦਾ ਸਮਰਥਨ।

13. ਪ੍ਰਿੰਟ ਅਤੇ ਡਿਜੀਟਲ ਗ੍ਰੇ ਸਾਹਿਤ ਤੱਕ ਪਹੁੰਚ ਅਤੇ ਵਰਤੋਂ ਲਈ ਬੁਨਿਆਦੀ ਢਾਂਚੇ ਅਤੇ ਨਵੀਆਂ ਤਕਨਾਲੋਜੀਆਂ ਦੇ ਨਿਵੇਸ਼ ਵਿੱਚ ਵਾਧਾ।

**ਤਕਨੀਕੀ**

14. ਲਿੰਕ ਰੋਟ ਨਾਲ ਨਜਿੱਠਣ ਅਤੇ ਔਨਲਾਈਨ ਸਮੱਗਰੀ ਦੀ ਸਥਿਰਤਾ ਅਤੇ ਪਹੁੰਚ ਨੂੰ ਵਧਾਉਣ ਲਈ ਰਣਨੀਤੀਆਂ।

15. ਗ੍ਰੇ ਸਾਹਿਤ ਨੂੰ ਸਾਂਝਾ ਕਰਨ ਲਈ ਅੰਤਰ-ਕਾਰਜਸ਼ੀਲਤਾ ਮਿਆਰਾਂ ਦੇ ਨਾਲ ਡੇਟਾ ਅਤੇ ਹੋਰ ਗੈਰ-ਪਾਠ ਸਮੱਗਰੀ ਨੂੰ ਉਹਨਾਂ ਦੇ ਗ੍ਰੇ ਸਾਹਿਤ ਪ੍ਰਕਾਸ਼ਨਾਂ ਨਾਲ ਜੋੜਨ ਲਈ ਪ੍ਰਣਾਲੀਆਂ।

ਸੋਨੀਆ ਬਾਂਸਲ [ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ (ਪੰਜਾਬ)]